## ਸਕੂਲ ਦੀਆਂ ਉਮੀਦਾਂ

ਐਲੀਮੈਂਟਰੀ **(Elementary)** ਸਕੂਲ ਵਿਚ ਮਾਤਾ ਪਿਤਾ/ਸੰਭਾਲ ਕਰਨ ਵਾਲਿਆਂ ਨੂੰ ਅਕਸਰ ਇਹ ਪੁੱਛਿਆ ਜਾਂਦਾ ਹੈ ਕਿ ਉਹ ਬੱਚਿਆਂ ਦੇ ਫੀਲਡ ਟ੍ਰਿਪਸ **(Field Trips)** ਵਿਚ ਮਦਦ ਕਰਣਗੇ ਜਾਂ ਕਲਾਸ ਰੂਮ ਦੇ ਅੰਦਰ ਆ ਕੇ ਖਾਸ ਕਾਰਜਾਂ ਲਈ ਸਹਾਇਤਾ ਦੇਣਗੇ। ਇਹ ਨਿਓਤੇ ਵਲੰਟੀਅਰ ਬਣਣ ਲਈ ਹੁੰਦੇ ਹਨ। ਜੇ ਤੁਸੀਂ ਇਹ ਕਰ ਸਕਦੇ ਹੋ ਤਾਂ ਇਹ ਸਕੂਲ ਪਰਣਾਲੀ ਅਤੇ ਤੁਹਾਡੇ ਬੱਚੇ ਦੀ ਸਿੱਖਿਆ ਦੇ ਬਾਰੇ ਜਾਣਕਾਰੀ ਲੈਣ ਦਾ ਇਕ ਵੱਡਮੁੱਲਾ ਤਰੀਕਾ ਹੈ।



**"What Schools Expect from Students and their Families"**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

Canada WelcomeBC

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈੱਕਟ ਸੰਭਵ ਹੋਇਆ ਹੈ।

# ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਤੋਂ ਸਕੂਲ ਕੀ ਉਮੀਦ ਕਰਦੇ ਹਨ



# ਸਕੂਲ ਦੀਆਂ ਉਮੀਦਾਂ

## ਵਿਦਿਆਰਥੀਆਂ ਲਈ

- ਸਕੂਲ ਬਕਾਇਦਾ ਹਾਜ਼ਰੀ ਦਿਓ ਅਤੇ ਹਰ ਕਲਾਸ ਸ਼ੁਰੂ ਹੋਣ ਦੇ ਸਮੇਂ ਤੋਂ ਪਹਿਲਾਂ ਸਮੇਂ ਸਿਰ ਪਹੁੰਚੋ।

- ਪੂਰਾ ਆਰਾਮ ਕਰ ਕੇ ਅਤੇ ਸਿੱਖਿਆ ਲੈਣ ਦੀ ਤਿਆਰੀ ਕਰ ਕੇ ਸਕੂਲ ਵਿਚ ਆਓ।

- ਨਾਸ਼ਤਾ ਖਾਓ ਅਤੇ ਆਪਣੇ ਨਾਲ ਸਿਹਤਮੰਦ ਹਲਕਾ ਖਾਣਾ ਅਤੇ ਦੁਪਿਹਰ ਦਾ ਭੋਜਣ ਵੀ ਲੈ ਕੇ ਆਓ। ('ਪੇਰੇਂਟਿੰਗ' ਦਾ ਬਰੋਸ਼ਰ ਵੇਖੋ) ।

- ਮੌਸਮ ਅਤੇ ਰੁੱਤ ਵੇਖ ਕੇ ਸਕੂਲ ਲਈ ਉਚਿਤ ਕੱਪੜੇ ਪਾਓ।



## ਮਾਤਾ ਪਿਤਾ/ਸੰਭਾਲ ਕਰਨ ਵਾਲਿਆਂ ਲਈ

- ਸਕੂਲ / ਅਧਿਆਪਕਾਂ ਵੱਲੋਂ ਘਰ ਭੇਜੀਆਂ ਹੋਈਆਂ ਸੂਚਨਾਵਾਂ ਅਤੇ ਚਿੱਠੀਆਂ ਨੂੰ ਪੜ੍ਹੋ ਜਾਂ ਕਿਸੇ ਤੋਂ ਉਹਨਾਂ ਦਾ ਅਨੁਵਾਦ ਕਰਵਾਓ।

- ਫਾਰਮ ਅਤੇ ਅਰਜ਼ੀਆਂ ਅਧਿਆਪਕ ਨੂੰ ਵਾਪਸ ਦੇਣ ਦੀ ਤਰੀਕ ਤੋਂ ਪਹਿਲਾਂ ਮੋੜ ਦਿਓ।

- ਜੇ ਤੁਹਾਡਾ ਬੱਚਾ ਕਲਾਸ ਦਾ ਕੰਮ ਨਹੀਂ ਸਮਝ ਪਾ ਰਿਹਾ ਜਾਂ ਦੂਜੇ ਬੱਚਿਆਂ ਨਾਲ ਮੁਸ਼ਕਲਾਂ ਮਹਿਸੂਸ ਕਰ ਰਿਹਾ ਹੈ ਤੇ ਅਧਿਆਪਕ ਨੂੰ ਸੂਚਿਤ ਕਰੋ।

- ਮਾਤਾ ਪਿਤਾ ਅਤੇ ਅਧਿਆਪਕਾਂ ਦੀਆਂ ਮੀਟਿੰਗਾਂ ਵਿਚ ਹਿੱਸਾ ਲਓ।

- ਜੇ ਤੁਸੀਂ ਆਪਣੇ ਬੱਚੇ ਬਾਰੇ ਗੱਲ ਬਾਤ ਕਰਨਾ ਜਾਂ ਉਸਦੀ ਸਿੱਖਿਆ ਬਾਰੇ ਕੋਈ ਸਵਾਲ ਕਰਨਾ ਚਾਹੁੰਦੇ ਹੋ ਤਾਂ ਸਕੂਲ ਦੇ ਸਮੇ ਤੋਂ ਪਹਿਲਾਂ ਜਾਂ ਬਾਦ ਵਿਚ ਅਧਿਆਪਕ ਨਾਲ ਮੀਟਿੰਗ ਦਾ ਸਮਾਂ ਨਿਰਧਾਰਤ ਕਰੋ। ਹਮੇਸ਼ਾ ਪਹਿਲਾਂ ਤੋਂ ਮੀਟਿੰਗ ਦਾ ਸਮਾਂ ਨਿਰਧਾਰਤ ਕਰੋ।

- ਸਾਰੀਆਂ ਮੀਟਿੰਗਾਂ ਵਿਚ ਸਮੇਂ ਤੋਂ ਪਹੁੰਚਣਾ ਜ਼ਰੂਰੀ ਹੈ।



- ਅਧਿਆਪਕ ਨਾਲ ਗੱਲ ਬਾਤ ਸੰਖੇਪ ਰਖੋ।

- ਜੇ ਤੁਹਾਨੂੰ ਆਪਣੇ ਬੱਚੇ ਵਾਸਤੇ ਫਿਕਰ ਜਾਂ ਪਰੇਸ਼ਾਨੀ ਹੈ ਤੇ ਅਧਿਆਪਕ ਨਾਲ ਗੱਲ ਬਾਤ ਕਰੋ।

- ਤੁਹਾਡੇ ਬੱਚੇ ਨਾਲ ਜੋ ਵੀ ਠੀਕ ਠਾਕ ਵਾਪਰ ਰਿਹਾ ਹੈ ਉਹ ਵੀ ਅਧਿਆਪਕ ਨੂੰ ਦੱਸੋ।

- ਜੇ ਤੁਹਾਨੂੰ ਯਕੀਨ ਨਹੀਂ ਹੈ ਕਿ ਤੁਸੀਂ ਕਿਸ ਤਰਾਂ ਘਰ ਵਿਚ ਬੱਚੇ ਨੂੰ ਸਹਾਇਤਾ ਦੇ ਸਕਦੇ ਹੋ ਤਾਂ ਅਧਿਆਪਕ ਨੂੰ ਪੁਛੋ ਕਿ ਉਸਦੀ ਮਦਦ ਕਰਨ ਲਈ ਤੁਸੀਂ ਕੀ ਕਰ ਸਕਦੇ ਹੋ। (ਬਰੋਸ਼ਰ 'ਘਰ ਵਿਚ ਆਪਣੇ ਬੱਚੇ ਦੀ ਪੜ੍ਹਾਈ ਦੀ ਮਦਦ ਕਰਨ ਦੇ ਤਰੀਕੇ' ਵੀ ਵੇਖੋ।)